ਸ਼ੁੱਕਰਵਾਰ
5 , ਮਾਰਚ 2010
22 ਫੱਗਣ ,
ਨਾਨਕਸ਼ਾਹੀ 541

# ਅੱਜ ਦੀ ਆਵਾਜ਼

ਕੀਮਤ 2 ਰੁਪਏ

ਜਲੰਧਰ
ਅੰਕ ਨੰ. 322,
ਸਾਲ 25
Postal Regd. No.
PB/0007/09-2011

www.ajdiawaaz.com | ਪੰਜਾਬ ਦੀ ਉਮੀਦ | info@ajdiawaaz.com




ਸ਼ਹਿਰ ਤੇ ਆਸ-ਪਾਸ — ਅੱਖਾਂ ਦੇ ਮੁਫਤ ਕੈਂਪ 'ਚ 3
ਸੰਪਾਦਕੀ — ਜਲਦੀ ਨਿਆਂ ਲਈ ਪ੍ਰਬੰਧ 4

ਦੇਸ਼ ਦੁਨੀਆਂ — ਨਸ਼ਿਆਂ ਨੇ ਪੱਟ ਤੇ ਪੰਜਾਬੀ ਗੱਭਰੂ 8


## ਰਸੋਈ ਗੈਸ ਦੇ ਭਾਅ ਅਜੇ ਨਹੀਂ ਵਧਣਗੇ



ਨਵੀਂ ਦਿੱਲੀ, 4 ਮਾਰਚ (ਵਿਸ਼ਵ ਵਾਰਤਾ)–ਕੇਂਦਰ ਸਰਕਾਰ ਨੇ ਅੱਜ ਕਿਹਾ ਹੈ ਕਿ ਐਲ.ਪੀ.ਜੀ. ਦੀਆਂ ਕੀਮਤਾਂ ਵਧਾਉਣ ਬਾਰੇ ਹਾਲੇ ਕੋਈ ਫੈਸਲਾ ਨਹੀਂ ਕੀਤਾ ਗਿਆ ਹੈ। ਪੈਟਰੋਲੀਅਮ ਤੇ ਕੁਦਰਤੀ ਗੈਸ ਰਾਜ ਮੰਤਰੀ ਜਿਤਿਨ ਪ੍ਰਸਾਦ ਨੇ ਅੱਜ ਲੋਕ ਸਭਾ ਵਿਚ ਕਿਹਾ ਕਿ ਐਲ.ਪੀ.ਜੀ. ਦੀਆਂ ਕੀਮਤਾਂ ਦੇ ਮਾਮਲੇ ਵਿਚ ਸਰਕਾਰ ਆਮ ਆਦਮੀ ਉਤੇ ਬੋਝ ਨਾ ਪਾਉਣ ਲਈ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ ਸਰਕਾਰ ਪੀ.ਡੀ.ਐਸ. ਮਿੱਟੀ ਦੇ ਤੇਲ ਅਤੇ ਘਰੇਲੂ ਐਲ.ਪੀ.ਜੀ. ਰਾਜ ਸਹਾਇਤਾ ਯੋਜਨਾ 2002 ਦੇ ਤਹਿਤ ਪ੍ਰਤੀ ਘਰੇਲੂ ਐਲ.ਪੀ.ਜੀ. ਸਿਲੰਡਰ ਉਤੇ 2250 ਰੁਪਏ ਦੇ ਰਾਜ ਫੰਡ ਰਾਜ ਸਹਾਇਤਾ ਪ੍ਰਦਾਨ ਕਰ ਰਹੀ ਹੈ। ਐਲ.ਪੀ.ਜੀ. ਦੀ ਕਮਾਈ ਬਾਰੇ ਇਕ ਸਾਵਲ ਦੇ ਜਵਾਬ ਵਿਚ ਸ੍ਰੀ ਪ੍ਰਸਾਦ ਨੇ ਕਿਹਾ ਕਿ ਘਰੇਲੂ ਪੱਧਰ ਉਤੇ ਉਤਪਾਦਨ ਕਰ ਵਧਣ ਨਾਲ ਇਸ ਦੇ ਆਯਾਤ ਵਿਚ ਕਮੀ ਆਈ ਹੈ ਅਤੇ ਆਉਣ ਵਾਲੇ ਦਿਨਾਂ ਵਿਚ ਬਠਿੰਡਾ, ਬੀਨਾ ਅਤੇ ਪਾਰਾਦੀਪ ਰਿਫਾਈਨਰੀ ਦੇ ਚਾਲੂ ਹੋਣ ਨਾਲ ਇਸ ਦੀ ਸਥਿਤੀ ਵਿਚ ਹੋਰ ਵੀ ਸੁਧਾਰ ਹੋਵੇਗੀ।

### ਰਾਜਪਾਲ ਦੇ ਭਾਸ਼ਣ ਨਾਲ ਪੰਜਾਬ ਐਸੰਬਲੀ ਦਾ ਬਜਟ ਸੈਸ਼ਨ ਸ਼ੁਰੂ

## ਚੰਡੀਗੜ੍ਹ ਬਿਨ੍ਹਾਂ ਦੇਰੀ ਪੰਜਾਬ ਨੂੰ ਸੌਂਪਿਆ ਜਾਵੇ- ਪਾਟਿਲ

### ਸਿੱਖਾਂ 'ਤੇ ਹਮਲੇ ਰੋਕਣ 'ਤੇ ਦਿੱਤਾ ਜੋਰ

ਚੰਡੀਗੜ੍ਹ, 4 ਮਾਰਚ (ਹਰੀਸ਼ ਚੰਦਰ ਬਾਗਾਂਵਾਲਾ)–13ਵੀਂ ਵਿਧਾਨ ਸਭਾ ਦਾ 9ਵਾਂ ਅਜਲਾਸ ਅੱਜ ਬਾਅਦ ਦੁਪਹਿਰ ਰਾਜਪਾਲ ਸ਼ਿਵਰਾਜ ਪਾਟਿਲ ਦੇ ਭਾਸ਼ਣ ਨਾਲ ਸ਼ੁਰੂ ਹੋਇਆ ਅਫਗਾਨਿਸਤਾਨ ਵਿੱਚ ਸਿੱਖਾਂ ਦੇ ਹਮਲੇ, 84 ਦੇ ਦੰਗੇ ਅਤੇ ਚੰਡੀਗੜ੍ਹ ਸਹਿਤ ਪੰਜਾਬੀ ਬੋਲਦੇ ਇਲਾਕਿਆਂ ਨੂੰ ਪੰਜਾਬ ਵਿੱਚ ਸ਼ਾਮਲ ਕਰਨ ਵਰਗੇ ਮੁੱਦੇ ਰਾਜਪਾਲ ਦੇ ਭਾਸ਼ਣ ਦਾ ਮੁੱਖ ਆਕਰਸ਼ਣ ਸੀ। ਅਫਗਾਨਿਸਤਾਨ ਵਿੱਚ ਸਿੱਖਾਂ ਤੇ ਹਮਲਿਆਂ ਦਾ ਮਾਮਲਾ ਅੱਜ ਰਾਜਪਾਲ ਨੇ ਆਪਣੇ ਭਾਸ਼ਣ ਦੌਰਾਨ ਵਿਅੰਗ ਨਾਲ ਉਡਾਉਂਦਿਆਂ ਕਿਹਾ ਕਿ ਇਨ੍ਹਾਂ ਹਮਲਿਆਂ ਨੇ ਸਮੁੱਚੀ ਮਨੁੱਖਤਾ ਨੂੰ ਹਲੂਣ ਕੇ ਰੱਖ ਦਿੱਤਾ ਹੈ। ਉਨ੍ਹਾਂ ਘਟਨਾਵਾਂ 'ਤੇ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਅਜਿਹੀਆਂ ਵਹਿਸ਼ੀਆਨਾ ਘਟਨਾਵਾਂ ਵਿਰੁੱਧ ਵਿਸ਼ਵ ਰਾਏ ਬਣਾਉਣ ਦੀ (ਬਾਕੀ ਸਫਾ 2 'ਤੇ)



## ਮੁੱਖ ਮੰਤਰੀ ਬਾਦਲ ਦੀ ਗੈਰ ਹਾਜ਼ਰੀ ਰੜਕੀ

ਅੱਜ ਸਦਨ ਵਿੱਚ ਵਾਪਰੀਆਂ ਕੁੱਲ ਅਹਿਮ ਘਟਨਾਵਾਂ ਦੀ ਚਰਚਾ ਪੱਤਰਕਾਰਾਂ ਦੀ ਗੈਲਰੀ ਵਿੱਚ ਵੀ ਹੁੰਦੀ ਰਹੀ। ਪਹਿਲੀ ਚਰਚਾ ਇਹ ਹੋਈ ਕਿ ਸਿਆਸਤ ਦੇ ਬਾਬਾ ਬੋਹੜ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਪੰਜਾਬ ਸਦਨ ਵਿੱਚ ਕਿਉਂ ਨਹੀਂ ਆਏ? ਪੱਤਰਕਾਰਾਂ ਨੇ ਆਪਣੀ ਖਿਆਲੀ ਪਤੰਗਬਾਜ਼ੀ ਸ਼ੁਰੂ ਹੀ ਕੀਤੀ ਸੀ ਕਿ ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਸ੍ਰੀ ਹਰਚਰਨ ਬੈਂਸ ਨੇ ਆ ਕੇ ਦੱਸਿਆ ਕਿ ਮੁੱਖ ਮੰਤਰੀ ਸਾਹਿਬ ਤਾਂ ਚਾਹੁੰਦੇ ਸਨ ਕਿ ਸਦਨ ਵਿੱਚ ਜਾਇਆ ਜਾਵੇ, ਪ੍ਰੰਤੂ ਉਨ੍ਹਾਂ ਦੇ ਡਾਕਟਰਾਂ ਨੇ ਮੁੱਖ ਮੰਤਰੀ ਦੀ ਸਿਹਤ ਠੀਕ ਨਾ ਹੋਣ ਕਰਕੇ ਸਦਨ ਵਿੱਚ ਜਾਣੋਂ ਰੋਕ ਦਿੱਤਾ। ਸ੍ਰੀ ਹਰਚਰਨ ਬੈਂਸ ਨੇ ਦੱਸਿਆ ਕਿ ਡਾਕਟਰਾਂ ਅਨੁਸਾਰ ਪਿੱਠ ਵਿੱਚ ਦਰਦ ਕਾਰਨ ਡਾਕਟਰਾਂ ਨੇ ਸਲਾਹ ਦਿੱਤੀ ਕਿ ਲੰਬਾ ਸਮਾਂ ਕਿਤੇ ਵੀ ਬੈਠਿਆ ਨਾ ਜਾਵੇ ਤੁਰਨ ਫਿਰਨ ਦੀ (ਬਾਕੀ ਸਫਾ 2 'ਤੇ)

## ਵਿਰੋਧੀ ਧਿਰ ਨੇ ਵਾਕ ਆਊਟ ਕਰਨ ਦੀ ਪਿਰਤ ਜਾਰੀ ਰੱਖੀ

ਚੰਡੀਗੜ੍ਹ, 4 ਮਾਰਚ (ਹਰੀਸ਼ ਚੰਦਰ ਬਾਗਾਂਵਾਲਾ)–ਵਿਰੋਧੀ ਧਿਰ ਕਾਂਗਰਸ ਪਾਰਟੀ ਨੇ ਐਤਕੀਂ ਵੀ ਸੈਸ਼ਨ ਦੀ ਸ਼ੁਰੂਆਤ ਸਦਨ ਵਿੱਚੋਂ ਵਾਕ ਆਊਟ ਕਰਕੇ ਹੀ ਕੀਤੀ। ਦੁਪਹਿਰ ਬਾਅਦ ਜਦੋਂ ਬੱਜਟ ਸੈਸ਼ਨ ਲਈ ਸਦਨ ਜੁੜਿਆ ਤਾਂ ਪੰਜਾਬ ਦੇ ਰਾਜਪਾਲ ਦੇਸ਼ ਦਾ ਸਾਬਕਾ ਗ੍ਰਹਿ ਮੰਤਰੀ ਸ੍ਰੀ ਸ਼ਿਵਰਾਜ ਪਾਟਿਲ ਨੇ ਜਦੋਂ ਸਰਕਾਰ ਦੀਆਂ ਪ੍ਰਾਪਤੀਆਂ ਦਾ 132 ਪੁਆਇੰਟਾਂ ਵਾਲਾ 46 ਸਫਿਆਂ ਦਾ ਕਿਤਾਬਚਾ ਪੜ੍ਹਨਾ ਸ਼ੁਰੂ ਕੀਤਾ ਗਿਆ, ਹਾਲੇ 12ਵੇਂ ਪਹਿਰੇ 'ਤੇ ਹੀ ਜਦੋਂ ਰਾਜਪਾਲ ਸਾਹਿਬ ਰਾਜ ਦੀ ਵਿੱਤੀ ਸਥਿਤੀ ਤੇ ਸਦਨ ਨੂੰ ਜਾਣਕਾਰੀ ਦੇਣ ਲਈ ਪਹਿਰਾ ਪੜ੍ਹਨ ਲੱਗੇ ਤਾਂ ਕਾਂਗਰਸ ਪਾਰਟੀ ਵੱਲੋਂ ਸਾਧੂ ਸਿੰਘ ਧਰਮਸੋਤ ਨੇ ਉੱਠ ਕੇ ਸਦਨ ਵਿੱਚ ਆਪਣਾ ਸਰਕਾਰ ਵਿਰੋਧੀ ਭਾਸ਼ਣ ਦੇਣਾ ਸ਼ੁਰੂ ਕਰ ਦਿੱਤਾ। ਜਦੋਂ ਕਾਂਗਰਸੀ ਵਿਧਾਇਕ ਭਾਸ਼ਣ ਦੇ ਰਹੇ ਸਨ। ਇਸ ਦੌਰਾਨ ਵਿਰੋਧੀ ਧਿਰ ਕਾਂਗਰਸ ਪਾਰਟੀ ਕਦੇ ਆਪਣੀ ਵਧਾਇਕ ਦੀ ਹੌਂਸਲਾ ਅਫਜਾਈ ਮੇਜ ਥਪਥਪਾ ਕੇ ਕਰਦੀ ਅਤੇ ਕਦੇ ਕਦੇ ਸਰਕਾਰ ਵਿਰੁੱਧ ਵੀ ਬੋਲਦੀ। ਤਕਰੀਬਨ 10 ਕੁ ਮਿੰਟ ਦਾ ਭਾਸ਼ਣ ਦੇਣ ਤੋਂ ਬਾਅਦ ਪੂਰੀ ਵਿਰੋਧੀ ਧਿਰ ਸਰਕਾਰ ਵਿਰੋਧੀ ਨਾਅਰੇਬਾਜ਼ੀ ਕਰਦੀ ਹੋਈ ਸਦਨ ਵਿੱਚੋਂ ਵਾਕ ਆਊਟ ਕਰ ਗਈ। ਇਸ ਤੋਂ ਬਾਅਦ ਪੱਤਰਕਾਰਾਂ ਨਾਲ ਗੱਲ ਕਰਦਿਆਂ ਵਿਰੋਧੀ ਧਿਰ ਦੀ ਨੇਤਾ ਸ੍ਰੀਮਤੀ ਰਜਿੰਦਰ ਕੌਰ ਭੱਠਲ ਨੇ ਕਿਹਾ ਕਿ ਜੋ ਭਾਸ਼ਣ ਰਾਜਪਾਲ ਵੱਲੋਂ ਦਿੱਤਾ ਜਾ ਰਿਹਾ ਹੈ, ਉਹ ਸਰਾਸਰ ਝੂਠ ਦਾ ਪੁਲੰਦਾ ਹੈ। ਉਨ੍ਹਾਂ ਦੱਸਿਆ ਕਿ ਸਾਡੇ ਕਈ ਵਿਧਾਇਕਾਂ ਨੂੰ ਹਾਲੇ ਤੱਕ ਸਦਨ ਵਿੱਚ ਸ਼ਾਮਲ ਹੋਣ ਦੇ ਸੱਦੇ ਪੱਤਰ ਵੀ ਨਹੀਂ ਮਿਲੇ, ਜੋ ਕਿ ਰੁਟੀਨ ਮੁਤਾਬਕ 15 ਦਿਨ ਪਹਿਲੋਂ ਮਿਲਣੇ ਚਾਹੀਦੇ ਹਨ, (ਬਾਕੀ ਸਫਾ 2 'ਤੇ)

## ਆਸ਼ਰਮ 'ਚ ਭਗਦੜ, 70 ਮਰੇ

ਪ੍ਰਤਾਪਗੜ੍ਹ, 4 ਮਾਰਚ (ਵਿਸ਼ਵ ਵਾਰਤਾ)–ਉਤਰ ਪ੍ਰਦੇਸ਼ ਦੇ ਪ੍ਰਤਾਪਗੜ੍ਹ ਜ਼ਿਲ੍ਹੇ ਦੇ ਮਾਨਗੜ੍ਹ ਮੰਦਰ ਸਥਿਤ ਸੰਤ ਕ੍ਰਿਪਾਲੂ ਮਹਾਰਾਜ ਆਸ਼ਰਮ ਵਿੱਚ ਅੱਜ ਭੰਡਾਰੇ ਦੌਰਾਨ ਮੰਦਰ ਦਾ ਗੇਟ ਅਤੇ ਪੰਡਾਲ ਡਿੱਗ ਜਾਣ ਨਾਲ ਉਸ ਦੇ ਹੇਠਾਂ ਦਬ ਕੇ ਅਤੇ ਉਸ ਤੋਂ ਬਾਅਦ ਮਚੀ ਭਗਦੜ ਵਿੱਚ 70 ਤੋਂ ਜ਼ਿਆਦਾ ਲੋਕਾਂ ਦੀ ਮੌਤ ਹੋ ਗਈ ਜਦਕਿ 15 ਤੋਂ ਜ਼ਿਆਦਾ ਵਿਅਕਤੀ ਗੰਭੀਰ ਰੂਪ ਨਾਲ ਜ਼ਖਮੀ ਹੋ ਗਏ ਹਨ। ਕੁੰਡਾ ਦੇ ਮੁੱਖ ਅਧਿਕਾਰੀ ਸ਼ਿਆਮਾ ਚਰਨ ਨੇ ਦੱਸਿਆ ਕਿ ਤਹਿਸੀਲ ਦੇ ਮਾਨਗੜ੍ਹ ਮੰਦਰ ਵਿੱਚ ਸੰਤ ਕ੍ਰਿਪਾਲੂ ਮਹਾਰਾਜ ਦੀ ਪਤਨੀ ਦੇ ਸ਼ਰਾਧ ਮੌਕੇ 'ਤੇ ਆਯੋਜਿਤ ਭੰਡਾਰੇ ਦੌਰਾਨ ਅਚਾਨਕ ਮੰਦਰ ਦਾ ਗੇਟ ਅਤੇ ਪੰਡਾਲ ਡਿੱਗਣ ਨਾਲ ਉਸ ਦੇ ਹੇਠਾਂ ਦਬ ਦੇ ਅਤੇ ਉਸ ਤੋਂ ਬਾਅਦ ਮਚੀ ਭਗਦੜ ਵਿੱਚ 63 ਤੋਂ ਜ਼ਿਆਦਾ ਵਿਅਕਤੀਆਂ ਦੀ ਮੌਤ ਹੋ ਗਈ ਹੈ। ਉਹਨਾਂ ਦੱਸਿਆ ਕਿ ਸੰਤ ਕ੍ਰਿਪਾਲੂ ਮਹਾਰਾਜ ਦਾ ਆਸ਼ਰਮ 5-7 ਹੈਕਟੇਅਰ ਖੇਤਰ ਵਿੱਚ ਫੈਲਿਆ ਹੋਇਆ ਹੈ ਅਤੇ ਹਾਦਸੇ ਤੋਂ ਬਾਅਦ ਨੇੜੇ-ਤੇੜੇ ਦੇ ਥਾਣਿਆਂ ਦੀ ਪੁਲਿਸ ਨੇ ਉਥੇ ਪਹੁੰਚ ਕੇ ਸਥਿਤੀ ਨੂੰ ਆਪਣੇ ਕੰਟਰੋਲ ਵਿੱਚ ਲੈ ਲਿਆ ਅਤੇ ਆਸ਼ਰਮ ਦੀ ਘੇਰਾਬੰਦੀ ਕਰਕੇ ਸ਼ਰਧਾਲੂਆਂ ਦੀ ਕਤਾਰ ਬਣਵਾ ਕੇ ਸੁਰੱਖਿਅਤ ਬਾਹਰ ਕੱਢਿਆ ਜਾ ਰਿਹਾ ਹੈ।

## ਗੁਰ. ਸ਼ਹੀਦ ਬਾਬਾ ਤੇਗਾ ਸਿੰਘ ਚੰਦਪੁਰਾਣਾ ਵਿਖੇ ਸਲਾਨਾ ਜੋੜ ਮੇਲਾ 14 ਨੂੰ



ਜਲੰਧਰ, 4 ਮਾਰਚ (ਮਲਕੀਤ ਸਿੰਘ ਬਰਾੜ)– ਜਾਲਿਮ ਮੁਗਲ ਫ਼ੌਜਾਂ ਵਲੋਂ ਭਾਰਤ ਦੇ ਲੋਕਾਂ 'ਤੇ ਕੀਤੇ ਜਾ ਰਹੇ ਜੁਲਮ ਜਬਰ ਵਿਰੁੱਧ ਬਹਾਦਰੀ ਨਾਲ ਲੜਨ ਵਾਲੇ ਅਤੇ ਇਸ ਲੜਾਈ ਦੌਰਾਨ ਹੀ ਅਣਗਿਣਤ ਮੁਗਲਾਂ ਦਾ ਖਾਤਮਾਂ ਕਰਕੇ ਸ਼ਹੀਦੀ ਪਾਉਣ ਵਾਲੇ ਸੰਤ ਬਾਬਾ ਤੇਗਾ ਸਿੰਘ ਹੋਰਾਂ ਦੀ ਯਾਦ ਵਿੱਚ ਉਸਾਰੇ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਚੰਦ ਪੁਰਾਣਾ ਵਿਖੇ ਉਨ੍ਹਾਂ ਦੀ ਯਾਦ ਵਿੱਚ ਵਿਸ਼ਾਲ ਜੋੜਮੇਲਾ 14 ਮਾਰਚ ਐਤਵਾਰ ਨੂੰ ਮਨਾਇਆ ਜਾ ਰਿਹਾ ਹੈ। ਮੌਜੂਦਾ ਸਮੇਂ ਹਰ ਵਰਗ ਦੇ ਲੋਕਾਂ ਦੇ ਦੁੱਖਾਂ ਅਤੇ ਹੋਰ ਕਸ਼ਟਾਂ ਦੇ ਨਿਵਾਰਣ ਲਈ ਸ਼ਰਧਾ ਦੇ ਵੱਡੇ ਕੇਂਦਰ ਵਜੋਂ ਦੇਸ਼-ਵਿਦੇਸ਼ ਵਿੱਚ ਜਾਣੇ ਜਾਂਦੇ ਇਸ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸੰਤ ਬਾਬਾ ਨਛੱਤਰ ਸਿੰਘ ਹੋਰਾਂ ਨੇ ਦੱਸਿਆ ਕਿ ਸ਼ਹੀਦ ਬਾਬਾ ਤੇਗਾ ਸਿੰਘ ਯਾਦਗਾਰੀ ਸਲਾਨਾ ਜੋੜ ਮੇਲਾ 14 ਮਾਰਚ ਦਿਨ ਐਤਵਾਰ ਨੂੰ ਸੰਗਤਾਂ ਦੇ ਸਹਿਯੋਗ ਨਾਲ ਮੁੱਖ ਪ੍ਰਬੰਧਕ ਗੁਰਦੀਪ ਸਿੰਘ ਬਰਾੜ ਦੇ ਪ੍ਰਬੰਧਾਂ ਹੇਠ ਵੱਡੇ ਪੱਧਰ 'ਤੇ ਮਨਾਇਆ ਜਾ ਰਿਹਾ ਹੈ। ਜੋੜ ਮੇਲੇ ਦੀ ਰੂਪ ਰੇਖਾ ਸਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਮੁੱਖ ਪ੍ਰਬੰਧਕ ਗੁਰਦੀਪ ਸਿੰਘ (ਬਾਕੀ ਸਫਾ 2 'ਤੇ)

## ਜਨਤਾ ਨੂੰ ਭਰਮਾਉਣ ਲਈ ਵਿਕਾਸ ਨਾਲ ਸਮਝੌਤਾ ਨਹੀਂ-ਸੋਨੀਆ

ਨਵੀਂ ਦਿੱਲੀ, 4 ਮਾਰਚ (ਵਿਸ਼ਵ ਵਾਰਤਾ)–ਕਾਂਗਰਸ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਨੇ ਅੱਜ ਵਿੱਤ ਮੰਤਰੀ ਪ੍ਰਣਬ ਮੁਖਰਜੀ ਵੱਲੋਂ ਪੇਸ਼ ਕੀਤੇ ਗਏ ਬਜਟ ਦੀ ਸ਼ਲਾਘਾ ਕੀਤੀ। ਇਸ ਦੇ ਨਾਲ ਹੀ ਉਨ੍ਹਾਂ ਸਾਫ ਕਰ ਦਿੱਤਾ ਕਿ ਜਨਤਾ ਨੂੰ ਭਰਮਾਉਣ ਲਈ ਵਿਕਾਸ ਨਾਲ ਸਮਝੌਤਾ ਨਹੀਂ ਕੀਤਾ ਜਾ ਸਕਦਾ। ਸੋਨੀਆ ਦੇ ਇਸ ਬਿਆਨ ਨਾਲ ਪੈਟਰੋਲ-ਡੀਜ਼ਲ ਦੀਆਂ ਵਧੀਆਂ ਕੀਮਤਾਂ ਵਿਚ ਕਮੀ ਦੇ ਮਾੜੇ-ਮੋਟੇ ਆਸਾਰ ਵੀ ਖ਼ਤਮ ਹੋ ਗਏ ਹਨ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਨੇ ਵੀ ਕਿਹਾ ਸੀ ਕਿ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਵਿਚ ਕਮੀ ਨਹੀਂ ਹੋਵੇਗੀ।

ਅੱਜ ਸੀ.ਪੀ.ਪੀ. ਦੀ ਬੈਠਕ ਵਿਚ ਸ੍ਰੀਮਤੀ ਗਾਂਧੀ ਨੇ ਕਿਹਾ ਕਿ ਸਮੁੱਚੇ ਵਿਕਾਸ ਲਈ ਲੋਕ ਭਰਮਾਊ ਆਰਥਿਕ ਨੀਤੀ ਨਹੀਂ ਬਣਨੀ ਚਾਹੀਦੀ ਅਤੇ ਵਿੱਤ ਮੰਤਰੀ ਨੇ ਜਿਸ ਤਰ੍ਹਾਂ ਦਾ ਬਜਟ ਪੇਸ਼ ਕੀਤਾ ਹੈ ਉਹ ਪ੍ਰਸੰਸਾਯੋਗ ਹੈ। ਸੋਨੀਆ ਗਾਂਧੀ ਨੇ ਹਾਲਾਂਕਿ ਸਵੀਕਾਰਿਆ ਕਿ ਮਹਿੰਗਾਈ ਉਤੇ ਕਾਬੂ ਪਾਉਣਾ ਉਨ੍ਹਾਂ ਦੀ ਸਰਕਾਰ ਦੀ ਪਹਿਲ ਹੈ ਅਤੇ ਇਸ ਉਤੇ ਕਾਬੂ ਪਾਇਆ ਜਾਵੇਗਾ।

## ਆਸਟ੍ਰੇਲੀਆ ਨੇ ਦੱਖਣੀ ਅਫਰੀਕਾ ਨੂੰ 12-0 ਨਾਲ ਰੋਲਿਆ



ਨਵੀਂ ਦਿੱਲੀ/ਜਲੰਧਰ 4 ਮਾਰਚ (ਕਮਲਜੀਤ ਥਾਬਲਕੇ)–ਗਰੁੱਪ ਬੀ ਦੇ ਅੱਜ ਇੱਕ ਮੈਚ 'ਚ ਆਸਟ੍ਰੇਲੀਆ ਨੇ ਦੱਖਣੀ ਅਫਰੀਕਾ ਨੂੰ 12 ਗੋਲ ਨਾਲ ਹਰਾ ਦਿੱਤਾ ਹੈ। ਅਸਟ੍ਰੇਲੀਆ ਨੇ ਮੈਚ ਦੌਰਾਨ 12 ਗੋਲ ਕੀਤੇ। ਜਦਕਿ ਦੱਖਣੀ ਅਫਰੀਕਾ ਇੱਕ ਵੀ ਗੋਲ ਨਹੀਂ ਕਰ ਸਕੀ। ਇਸ ਮੈਚ ਦੇ ਹੀਰੋ ਰਹੇ ਡੇਨੀਅਰ ਜਿਨ੍ਹਾਂਨੇ 5 ਗੋਲ ਕੀਤੇ। ਇਸ ਤੋਂ ਇਲਾਵਾ ਜਿਮੀ ਡਾਇਰ ਅਤੇ ਗਲੇਨ ਟਰਨਰ ਨੇ 2-2 ਗੋਲ ਕੀਤੇ। ਡੇਸਮੰਡ, ਫਗਯੁਰਸਨ ਕਵਾਨਗਵਾ ਅਤੇ ਮੈਥੂਆ ਬਟੋਰਨੀ ਨੇ ਵੀ ਇੱਕ-ਇੱਕ ਗੋਲ ਕੀਤਾ। ਆਸਟ੍ਰੇਲੀਆ ਨੇ ਮੈਚ ਸ਼ੁਰੂ ਹੁੰਦੇ ਹੀ ਦੱਖਣੀ ਅਫਰੀਕਾ 'ਤੇ ਇਸ ਤਰ੍ਹਾਂ ਹਮਲਾ ਬੋਲ ਦਿੱਤਾ ਕਿ ਉਸ ਨੂੰ ਉੱਠਣ ਦਾ ਮੌਕਾ ਹੀ ਨਹੀਂ ਦਿੱਤਾ। ਤਾਬੜਤੋੜ ਹਮਲਿਆਂ ਦੇ ਵਿਚਕਾਰ ਆਸਟਰੇਲੀਆ ਲਗਾਤਾਰ ਗੋਲ ਕਰਦੀ ਰਹੀ। ਪਹਿਲੇ ਹਾਫ਼ 'ਚ 5 ਗੋਲ ਹੋ ਚੁੱਕੇ ਸਨ। ਦੂਸਰੇ ਹਾਫ਼ 'ਚ ਵੀ ਦੱਖਣੀ ਅਫਰੀਕਾ ਨੂੰ ਕੋਈ ਰਾਹਤ ਨਹੀਂ ਮਿਲੀ। ਇਸ ਹਾਫ 'ਚ 7 ਗੋਲ ਹੋਏ ਅਤੇ ਦੱਖਣੀ ਅਫਰੀਕਾ ਨੂੰ 12-0 ਨਾਲ ਸ਼ਰਮਨਾਕ ਹਾਰ ਦਾ ਸਾਹਮਣਾ ਕਰਨਾ ਪਿਆ। ਅਸਟਰੇਲੀਆ ਦੀ ਇਹ ਲਗਾਤਾਰ ਦੂਸਰੀ ਜਿੱਤ ਹੈ। ਇਸ ਤੋਂ ਪਹਿਲਾਂ ਉਸ ਨੇ ਭਾਰਤ ਨੂੰ 5-2 ਨਾਲ ਹਰਾਇਆ ਸੀ। ਪਹਿਲੇ ਮੈਚ 'ਚ ਉਹ ਇੰਗਲੈਂਡ ਤੋਂ ਹਾਰ ਗਈ ਸੀ। ਉੱਧਰ ਦੱਖਣੀ ਅਫਰੀਕਾ ਆਪਣੇ ਤਿੰਨੋ ਮੈਚ ਹਾਰ ਚੁੱਕੀ ਹੈ।

## ਇਸ ਵਾਰ ਗਰਮੀਆਂ 'ਚ ਬਿਜਲੀ ਦਾ ਸੰਕਟ ਨਹੀਂ ਆਵੇਗਾ-ਬਚੀ

ਜਲੰਧਰ, 4 ਮਾਰਚ (ਮਲਕੀਤ ਸਿੰਘ ਬਰਾੜ)–ਪੰਜਾਬ ਰਾਜ ਬਿਜਲੀ ਬੋਰਡ ਦੇ ਪ੍ਰਬੰਧਕੀ ਮੈਂਬਰ ਸ੍ਰ. ਗੁਰਬਚਨ ਸਿੰਘ 'ਬਚੀ' ਨੇ ਅੱਜ ਕਿਹਾ ਕਿ ਪੰਜਾਬ ਸਰਕਾਰ ਦੀਆਂ ਕੋਸ਼ਿਸ਼ਾਂ ਅਤੇ ਬੋਰਡ ਮੈਨੇਜਮੈਂਟ ਦੀ ਸਖਤ ਮਿਹਨਤ ਨਾਲ ਪੰਜਾਬ ਦੇ ਲੋਕਾਂ ਨੂੰ ਵੱਧ ਤੋਂ ਵੱਧ ਬਿਜਲੀ ਮੁਹੱਈਆ ਕਰਾਉਣ ਨੂੰ ਤਰਜੀਹ ਦਿੱਤੀ ਜਾ ਰਹੀ ਹੈ, ਜਿਸ ਤਹਿਤ ਨਵੇਂ ਥਰਮਲ ਪਲਾਂਟ ਲਗਾਏ ਜਾ ਰਹੇ ਹਨ। ਸ੍ਰੀ ਬਚੀ ਨੇ ਕਿਹਾ ਕਿ ਆਉਣ ਵਾਲੇ ਝੋਨੇ ਤੇ ਗਰਮੀ ਦੇ ਮੌਸਮ ਲਈ ਵਿਸ਼ੇਸ਼ ਤੌਰ ਤੇ ਵੱਖ-ਵੱਖ ਰਾਜਾਂ/ਕੇਂਦਰੀ ਪੂਲ ਦੇ ਸੰਸਥਾਨਾਂ ਤੋਂ ਵੱਧ ਬਿਜਲੀ ਖਰੀਦੀ/ਬੈਂਕਿੰਗ ਰਾਹੀਂ ਪ੍ਰਾਪਤ ਕੀਤੀ ਜਾਵੇਗੀ ਜਿਸ ਨਾਲ ਪੰਜਾਬ ਵਾਸੀਆਂ ਨੂੰ ਗਰਮੀ ਤੋਂ ਭਾਰੀ ਰਾਹਤ ਮਿਲੇਗੀ ਅਤੇ ਵਧੀਆ ਪਾਏਦਾਰ ਬਿਜਲੀ ਉਪਲੱਬਦ ਹੋਵੇਗੀ। ਸ੍ਰੀ ਬਚੀ ਨੇ ਦੱਸਿਆ ਕਿ ਜਿਨ੍ਹਾਂ ਕਿਸਾਨਾਂ ਦੀ ਜ਼ਮੀਨ ਥਰਮਲ ਪਲਾਂਟਾਂ ਲਈ ਐਕਵਾਇਰ ਕੀਤੀ ਜਾ ਰਹੀ ਹੈ ਉਨ੍ਹਾਂ ਨੂੰ ਨਵੀਂ ਥਾਂ ਤੇ ਖੇਤੀਬਾੜੀ ਲਈ ਬਿਜਲੀ ਕੁਨੈਕਸ਼ਨ ਉਲਬੱਧ ਕਰਾਉਣ ਨੂੰ ਵੀ ਪਹਿਲ ਦਿੱਤੀ ਜਾ ਰਹੀ ਹੈ। ਸ੍ਰੀ ਬਚੀ ਨੇ ਅੱਗੇ ਦੱਸਿਆ ਕਿ ਅਜਿਹੇ ਕਿਸਾਨਾਂ ਦੇ ਖੇਤੀਬਾੜੀ ਟਿਊਬਵੈੱਲਾਂ ਦੇ ਕੁਨੈਕਸ਼ਨ ਤਰਜੀਹ ਦੇ ਆਧਾਰ 'ਤੇ ਤਬਦੀਲ ਕੀਤੇ ਜਾ ਰਹੇ ਹਨ। ਇਹ ਕਿਸਾਨ ਜਿਥੇ ਵੀ ਜ਼ਮੀਨ (ਬਾਕੀ ਸਫਾ 2 'ਤੇ)


